ਦੇਸ਼ ਸੇਵਕ ਚੰਡੀਗੜ੍ਹ, ਐਤਵਾਰ 11 ਅਪ੍ਰੈਲ, 1999

ਵਿਚਾਰ-ਚਰਚਾ — ਗੁਰਸ਼ਰਨ ਸਿੰਘ

ਆਪਣੇ ਲੋਕਾਂ ਨਾਲ ਕੁਝ ਗੱਲਾਂ

ਆਪਣੇ ਵਿਰਸੇ ਨੂੰ ਯਾਦ ਕਰੋ, ਬਜ਼ੁਰਗਾਂ ਦੀਆਂ ਕੁਰਬਾਨੀਆਂ ਨੂੰ ਦੁਹਰਾਓ, ਸ਼ਾਨਦਾਰ ਸਮਾਗਮ ਕਰੋ, ਗੀਤ ਗਾਓ, ਨੱਚੋ-ਟੱਪੋ, ਭੰਗੜੇ ਪਾਓ ਤੇ ਫੇਰ ਆਪਣੀਆਂ ਜ਼ਿਮੇਵਾਰੀਆਂ ਤੋਂ ਸੁਰਖ਼ੂਰ ਹੋ ਜਾਓ। ਅੱਜ ਪੰਜਾਬ ਦੇ ਹਾਕਮਾਂ ਦਾ ਵੀ ਇਹ ਰਵੱਈਆ ਹੈ ਤੇ ਪੰਜਾਬ ਦੇ ਰੱਜੇ-ਪੁੱਜੇ ਲੋਕਾਂ ਨੂੰ ਵੀ ਇਹ ਪੁੱਗਦਾ ਹੈ। ਲੋਕਾਂ ਦਾ ਫ਼ਿਕਰ ਲਾਲ ਝੰਡੇ ਵਾਲਿਆਂ ਦੇ ਜ਼ਿਮੇ ਰਹਿਣ ਦੇਵੋ। ਉਹ ਪਏ ਰੋਸ ਮਾਰਚ ਕਰਨ, ਧਰਨੇ ਦੇਵਣ, ਭੁੱਖ ਹੜਤਾਲਾਂ ਕਰਨ, ਮਰਨ ਵਰਤ ਰੱਖਣ, ਨਾਅਰੇ ਮਾਰਨ। ਉਹਨਾਂ ਨੂੰ ਨਜ਼ਰਅੰਦਾਜ਼ ਕਰੋ। ਹਾਲੇ ਕਿਹੜਾ ਚੋਣਾਂ ਨੇੜੇ ਹਨ ਕਿ ਉਹਨਾਂ ਦਾ ਫ਼ਿਕਰ ਕੀਤਾ ਜਾਏ। ਇਹ ਅੱਜ ਦੇ ਪੰਜਾਬ ਦੇ ਹਾਲਾਤ ਦਾ ਨਿਚੋੜ ਹੈ ਜਿਸਨੂੰ ਸੰਬੋਧਨ ਹੋਣਾ ਜ਼ਰੂਰੀ ਹੈ।

ਖਾਲਸੇ ਦਾ ਤਿੰਨ ਸੌ ਸਾਲਾ ਉੱਤਸਵ ਅੱਜ ਪੰਜਾਬ ਦੇ ਏਜੰਡਾ ਤੇ ਹੈ। ਸਾਰੀ ਸਰਕਾਰੀ ਮਸ਼ੀਨਰੀ ਦਾ ਧਿਆਨ ਇਸ ਉੱਤਸਵ ਵੱਲ ਹੈ। ਕਣਕ ਮੰਡੀ ਵਿਚ ਆਉਣ ਵਾਲੀ ਹੈ। ਇਸਦੀ ਖਰੀਦ ਕਿਸ ਤਰ੍ਹਾਂ ਕਰਨੀ ਹੈ? ਹਾਲੀ ਤੱਕ ਕੋਈ ਸਰਕਾਰੀ ਮਸ਼ੀਨਰੀ ਹਰਕਤ ਵਿਚ ਨਹੀਂ ਆਈ। ਆੜ੍ਹਤੀ ਆਪਣੀ ਪੱਧਰ 'ਤੇ ਤਿਆਰੀ ਕਰ ਰਹੇ ਹਨ, ਜਿਸ ਤਰ੍ਹਾਂ ਕਹਿ ਰਹੇ ਹੋਣ ਕਿ ਕਿਸਾਨਾਂ ਤੂੰ ਜਾਂਦਾ ਕਿੱਥੇ ਹੈਂ? ਇਹ ਨਾ ਸਮਝ ਕਿ ਐਤਕੀਂ ਤੇਰੀ ਫ਼ਸਲ 'ਤੇ ਕੋਈ ਕੁਦਰਤੀ ਕਰੋਪੀ ਨਹੀਂ ਪਈ ਤਾਂ ਸਾਰੇ ਦੁੱਖ ਦੂਰ ਹੋ ਜਾਣਗੇ। ਤੂੰ ਕਰਜ਼ਿਆਂ ਤੋਂ ਸੁਰਖ਼ੂਰ ਹੋ ਜਾਏਂਗਾ। ਤੇਰੇ ਦੁੱਖ ਤਾਂ ਉਸ ਵੇਲੇ ਸ਼ੁਰੂ ਹੋਣੇ ਨੇ ਜਦੋਂ ਤੂੰ ਆਪਣੀ ਮਿਹਨਤ ਲੈ ਕੇ ਮੰਡੀ ਵਿਚ ਜਾਏਂਗਾ ਤੇ ਤੈਨੂੰ ਉਸ ਪ੍ਰਬੰਧ ਦੇ ਰੂ-ਬ-ਰੂ ਹੋਣਾ ਪਏਗਾ ਜਿਸਦੇ ਬਾਰੇ ਤੇਰਾ ਪਹਿਲਾ ਤਜਰਬਾ ਦੱਸਦਾ ਹੈ ਕਿ ਇਹ ਦੁਨੀਆ ਦੇ ਭੈੜੇ ਤੋਂ ਭੈੜੇ ਪ੍ਰਬੰਧਾਂ ਵਿਚੋਂ ਇਕ ਪ੍ਰਬੰਧ ਹੈ, ਭਾਵੇਂ ਇਹ ਪ੍ਰਬੰਧ ਚਲਾਉਣ ਵਾਲੇ ਮੁਖੀਏ 32 ਹਜ਼ਾਰ ਰੁਪਿਆ ਮਹੀਨਾ ਤਨਖਾਹ ਲੈਣ ਵਾਲੇ ਹਨ। ਤਨਖਾਹ ਉਹ ਸਵੇਰ ਸ਼ਾਮ ਗੌਲਫ ਖੇਡਣ ਜਾਂ ਕਲੱਬ ਪਾਰਟੀਆਂ ਦੀ ਲੈਂਦੇ ਹਨ। ਉਹਨਾਂ ਨੂੰ ਕੋਈ ਸਰੋਕਾਰ ਨਹੀਂ ਕਿ ਤੂੰ ਮੰਡੀਆਂ ਵਿਚ ਰੁਲਦਾ ਰਹੇ। ਮੇਰੇ ਵੀਰ ਕਿਸਾਨਾ, ਜੇ ਤੂੰ ਰੌਲਾ ਪਾਏਂਗਾ ਤਾਂ ਪਹਿਲਾਂ ਉਹ ਤੈਨੂੰ ਨਜ਼ਰਅੰਦਾਜ਼ ਕਰਨਗੇ। ਹੋਰ ਰੌਲਾ ਪਾਏਂਗਾ ਤਾਂ ਹੋਮਗਾਰਡੀਆਂ ਨੂੰ ਆਖਿਆ ਜਾਏਗਾ ਕਿ ਤੈਨੂੰ ਲਾਠੀਆਂ ਨਾਲ ਚੁੱਪ ਕਰਵਾਇਆ ਜਾਏ। ਉਹਨਾਂ ਦੀ ਵੱਡੀ ਗਿਣਤੀ ਵਿਚ ਭਰਤੀ ਹੀ ਤਾਂ ਕੀਤੀ ਗਈ ਹੈ ਕਿ ਉਹ ਤੈਨੂੰ ਚੁੱਪ ਕਰਵਾਉਣ। ਤੂੰ ਫੇਰ ਵੀ ਚੁੱਪ ਨਾ ਕੀਤਾ ਤਾਂ ਜੇਲ੍ਹਾਂ ਤਾਂ ਬਣੀਆਂ ਹੀ ਹੋਈਆਂ ਨੇ, ਤੂੰ ਆਖੇਂਗਾ ਤੁਹਾਡੀ ਕਿਸਾਨ ਦੋਸਤ ਸਰਕਾਰ ਦੇ ਸਾਰੇ ਦਾਅਵੇ ਖੋਖਲੇ ਹਨ ਤਾਂ ਉਹਨਾਂ ਦਾ ਜਵਾਬ ਹੋਵੇਗਾ ਖੋਖਲੇ ਲੋਕਾਂ ਦੇ ਹਾਕਮ ਖੋਖਲੇ ਹੀ ਤਾਂ ਹੋਣਗੇ, ਹੋਰ ਕੀ ਹੋਣਗੇ?

ਤੁਹਾਨੂੰ ਖੋਖਲਾ ਕਿਹਾ ਗਿਆ ਹੈ, ਗੁੱਸਾ ਨਾ ਕਰਨਾ ਕਿਉਂਕਿ ਤੁਹਾਡੀ ਸੋਚ ਖੋਖਲੀ ਏ। ਤੁਸੀਂ ਜਦੋਂ ਵੀ ਮੌਕਾ ਲਗਦਾ ਹੈ ਟਰੈਕਟਰ ਟਰਾਲੀਆਂ 'ਤੇ ਚੜ੍ਹਕੇ ਕਿਸੇ ਨਾ ਕਿਸੇ ਮਾਰਚ ਵਿਚ ਸ਼ਾਮਲ ਹੋਏ ਹੁੰਦੇ ਹੋ। ਗੁਰਦੁਆਰਾ ਸਾਹਿਬਾਂ ਦੀ ਕਾਰ ਸੇਵਾ ਵੀ ਤੁਸੀਂ ਕਰਨੀ ਹੈ। ਗੁਰਧਾਮਾਂ ਦੀ ਯਾਤਰਾ ਕਰਕੇ ਜਨਮ ਸਫ਼ਲਾ ਵੀ ਤੁਸੀਂ ਹੀ ਕਰਨਾ ਹੈ। ਪੁੱਛਿਆ ਜਾਏ ਕਿ ਪੁਸ਼ਤਾਂ ਤੋਂ ਤੁਸੀਂ ਇਸ ਤਰ੍ਹਾਂ ਕਰ ਰਹੇ ਹੋ, ਕਿਨਾ ਕੁ ਸਫ਼ਲਾ ਤੁਹਾਡਾ ਜੀਵਨ ਹੋ ਗਿਆ ਹੈ? ਤੁਸੀਂ ਇਸ ਸਵਾਲ ਦਾ ਜਵਾਬ ਨਹੀਂ ਦੇਵੋਗੇ ਸਗੋਂ ਇਹ ਕਵੋਗੇ, ਤੁਹਾਡੀ ਕਾਮਰੇਡਾਂ ਦੀ ਤਾਂ ਇਹ ਸੋਚ ਹੈ ਕਿ ਜਿਹੜੀ ਵੀ ਗੱਲ ਰੱਬ ਜਾਂ ਧਰਮ ਨਾਲ ਜੁੜੀ ਹੋਵੇ ਤੁਸੀਂ ਉਹਦੀ ਵਿਰੋਧਤਾ ਕਰਨੀ ਹੀ ਕਰਨੀ ਹੈ। ਤੁਸੀਂ ਇਹ ਭੁੱਲ ਜਾਂਦੇ ਹੋ ਕਿ ਜਿਉਣਾ ਸਫ਼ਲਾ ਇਥੇ ਤਾਂ ਹੀ ਹੋ ਸਕਦਾ ਹੈ ਜੇ ਇਥੇ ਸਮਾਜਕ ਨਿਆਂ ਵਾਲਾ ਸਮਾਜ ਬਣੇ। ਸੋ ਭਾਈ ਇਹ ਇਸੇ ਤਰ੍ਹਾਂ ਚਲਣਾ ਹੈ।

ਅਸੀਂ ਪੰਜਾਬ ਦੇ ਲੋਕ ਪਿਛਲੇ ਪੰਜਾਹ ਸਾਲਾਂ ਤੋਂ ਇਹ ਮੰਗ ਕਰਦੇ ਆ ਰਹੇ ਹਾਂ ਕਿ ਪੰਜਾਬ ਵਿਚ ਪ੍ਰਬੰਧਕੀ ਬੋਲੀ ਸਾਡੀ ਮਾਂ ਬੋਲੀ ਹੋਵੇ। ਅਸੀਂ ਪੰਜਾਬੀ ਸੂਬਾ ਵੀ ਬਣਾ ਲਿਆ ਪਰ ਮਜਾਲ ਏ ਕਿ ਅਫ਼ਸਰਸ਼ਾਹੀ ਨੇ ਪੰਜਾਬੀ ਨੂੰ ਨੇੜੇ ਵੀ ਲਗਣ ਦਿੱਤਾ ਹੋਵੇ। ਪੰਜਾਬ ਦੀ ਰਾਜਧਾਨੀ ਅੰਮ੍ਰਿਤਸਰ ਨਹੀਂ, ਜਲੰਧਰ ਨਹੀਂ, ਲੁਧਿਆਣਾ ਨਹੀਂ, ਚੰਡੀਗੜ੍ਹ ਹੈ। ਚੰਡੀਗੜ੍ਹ ਹਰਿਆਣਾ ਦੀ ਵੀ ਰਾਜਧਾਨੀ ਹੈ। ਇਥੇ ਵੱਡੀ ਗਿਣਤੀ ਵਿਚ ਪਰਵਾਸੀ ਵੀ ਵਸਦੇ ਹਨ। ਚੰਡੀਗੜ੍ਹ ਦੇ ਸਕੂਲਾਂ ਦਾ ਪੜ੍ਹਾਈ ਮਾਧਿਅਮ ਪੰਜਾਬੀ ਨਹੀਂ ਤੇ ਵੱਡਿਆਂ ਦੇ ਕਾਕੇ ਕਾਕੀਆਂ ਨੇ, ਜਿਹਨਾਂ ਕੱਲ੍ਹ ਅਫਸਰ ਬਣਨਾ ਹੈ, ਉਹ ਕਿਉਂ ਪੰਜਾਬੀ ਨੂੰ ਨੇੜੇ ਲਗਣ ਦੇਣਗੇ। ਤੁਸੀਂ ਪਏ ਮਟਕਾ ਚੌਕ ਤੇ ਮਟਕੇ ਵਜਾਓ, ਧਰਨੇ ਦੇਵੋ, ਗ੍ਰਿਫ਼ਤਾਰੀਆਂ ਦੇਵੋ, ਥਾਣਿਆਂ ਵਿਚ ਪਾਣੀ ਬਿਨਾ ਫਰਸ਼ਾਂ 'ਤੇ ਬੈਠੇ ਰਹੋ। ਤੁਸੀ ਪੰਜਾਬੀ ਦੇ ਵੱਡੇ ਲੇਖਕ ਹੋ, ਹਾਕਮਾਂ ਨੂੰ ਕੀ ਪਰਵਾਹ?

ਤੁਸੀਂ ਪੁੱਛੋਗੇ ਇਹ ਗੱਲਾਂ ਮੈਂ ਕਿਸ ਨਾਲ ਕਰ ਰਿਹਾ ਹਾਂ? ਮੈਂ ਤੁਹਾਡੇ ਪੰਜਾਬ ਦੇ ਲੋਕਾਂ ਨਾਲ ਹੀ ਕਰ ਰਿਹਾ ਹਾਂ। 40 ਸਾਲ ਤੋਂ ਆਪਣੇ ਨਾਟਕਾਂ ਰਾਹੀਂ ਇਹੀ ਗੱਲਾਂ ਕਰ ਰਿਹਾ ਹਾਂ। ਤੁਹਾਡੇ ਨਾਲ ਵੱਡੇ ਲੋਕ ਬੜੀਆਂ ਸਾਜ਼ਿਸ਼ਾਂ ਕਰ ਰਹੇ ਹਨ। ਉਹ ਕੋਈ ਨਾ ਕੋਈ ਅਡੰਬਰ ਰਚਦੇ ਰਹਿਣਗੇ। ਹੁਣ ਬਾਦਲ ਸਾਹਿਬ ਅੱਜ ਦੇ ਯੁੱਗ ਵਿਚ ਸਾਰਿਆਂ ਨਾਲੋਂ ਵੱਡੇ ਖਾਲਸੇ ਦਾ ਰੂਪ ਧਾਰ ਗਏ ਹਨ। ਉਹ ਪੂਰਾ ਸਾਲ ਕਈ-ਕਈ ਖੇਡਾਂ ਖੇਡਦੇ ਰਹਿਣਗੇ। ਵਾਜਪਾਈ ਹੋਰਾਂ ਦੀ ਕੇਂਦਰ ਵਿਚ ਸਰਕਾਰ ਰਹੇ ਜਾਂ ਨਾ ਰਹੇ ਉਹਨਾਂ ਨੂੰ ਫ਼ਿਕਰ ਨਹੀਂ। ਉਹਨਾਂ ਨੇ ਪਵਾਰ ਸਾਹਿਬ ਨੂੰ ਭਵਿੱਖ ਦਾ ਨੇਤਾ ਆਖ ਹੀ ਦਿੱਤਾ ਹੈ। ਮਨਮੋਹਨ ਸਿੰਘ ਨੂੰ ਦੇਸ਼ ਦੀ ਸ਼ਾਨ ਕਹਿ ਕੇ ਸੰਬੋਧਨ ਕੀਤਾ ਹੈ। ਸਮਾਂ ਆਉਣ 'ਤੇ ਉਹ ਕੁਝ ਵੀ ਕਹਿ ਸਕਦੇ ਹਨ। ਵਾਜਪਾਈ ਸਾਹਿਬ ਅਨੰਦਪੁਰ ਸਾਹਿਬ ਸਾਨੂੰ ਪੰਜਾਬੀਆਂ ਨੂੰ ਤੇ ਖਾਸ ਕਰਕੇ ਸਿੱਖਾਂ ਨੂੰ ਬੜੀ ਫੂਕ ਛਕਾ ਗਏ ਹਨ। ਅਸੀਂ ਆਪਣੇ ਸੁਭਾਅ ਅਨੁਸਾਰ ਛਕ ਲਈ ਹੈ। ਇਹ ਫੂਕ ਉਹਨਾਂ 6 ਮਹੀਨੇ ਪਹਿਲੇ ਵੀ ਸਾਨੂੰ ਤੇਲ ਸਾਫ਼ ਕਰਨ ਵਾਲੇ ਕਾਰਖਾਨੇ ਦੀ ਨੀਂਹ ਰੱਖਣ ਵੇਲੇ ਬਠਿੰਡਾ 'ਚ ਛਕਾਈ ਸੀ। ਫ਼ਸਲ ਦੇ ਹੋਏ ਨੁਕਸਾਨ ਬਦਲੇ 300 ਕਰੋੜ ਦੀ ਥਾਂ ਇਕ ਧੇਲਾ ਨਹੀਂ ਦਿੱਤਾ ਸੀ, ਸਗੋਂ ਸਾਨੂੰ ਸਾਡੀ ਬਹਾਦਰੀ ਦੀ ਫੂਕ ਹੀ ਛਕਾਈ ਸੀ। ਸੋ ਮੇਰੇ ਲੋਕੋ ਮੈਂ ਤੁਹਾਨੂੰ ਫੇਰ ਇਕ ਵਾਰ ਕਹਿ ਰਿਹਾ ਹਾਂ ਕਿ ਸਿਆਣੇ ਹੋ ਕੇ ਵੱਡਿਆਂ ਦੇ ਅਡੰਬਰਾਂ ਨੂੰ ਸਮਝੀਏ। ਇਕ ਨਵੇਂ ਨਿਜ਼ਾਮ ਲਈ ਲਾਮਬੰਦੀ ਕਰੀਏ, ਜਿਥੇ ਬਰਾਬਰੀ ਮੁੱਖ ਨਿਸ਼ਾਨਾ ਹੋਵੇ। ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਇਹ ਜ਼ਿੰਦਗੀ ਮੌਤ ਦਾ ਸਵਾਲ ਹੈ।